## ਸ਼੍ਰੇਣੀ – ਦਸਵੀਂ
## ਗ੍ਰਹਿ ਵਿਗਿਆਨ

**ਸਮਾਂ:3 ਘੰਟੇ** **ਲਿਖਤੀ: 60 ਅੰਕ**

**ਸਮਾਂ: 3 ਘੰਟੇ** **ਪ੍ਰਯੋਗੀ: 20 ਅੰਕ**

*** ਆਂਤਰਿਕ ਮੁਲਾਂਕਣ: 20 ਅੰਕ**

**ਪ੍ਰਸ਼ਨ ਪੱਤਰ ਦੀ ਰੂਪ-ਰੇਖਾ (ਲਿਖਤੀ)** **ਕੁੱਲ: 100 ਅੰਕ**

1. ਪ੍ਰਸ਼ਨ ਪੱਤਰ ਵਿੱਚ ਕੁੱਲ 22 ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ।
2. ਪ੍ਰਸ਼ਨ ਪੱਤਰ ਤਿੰਨ ਭਾਗਾਂ ਵਿੱਚ ਵੰਡਿਆ ਹੋਵੇਗਾ। ਹਰ ਭਾਗ ਸਾਰੇ ਪਾਠ-ਕ੍ਰਮ ਤੇ ਅਧਾਰਿਤ ਹੋਵੇਗਾ।

**ਭਾਗ-I** ਵਿੱਚ ਸੱਤ (7) ਵਸਤੂਨਿਸ਼ਠ ਪ੍ਰਸ਼ਨ (1ਤੋਂ 7) ਪੁੱਛੇ ਜਾਣਗੇ। ਹਰ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ। ਵਸਤੂਨਿਸ਼ਠ ਪ੍ਰਸ਼ਨ ਇੱਕ ਸ਼ਬਦ ਤੋਂ ਇੱਕ ਵਾਕ ਤੱਕ ਦੇ ਉੱਤਰ ਵਾਲੇ **ਜਾਂ** ਖਾਲੀ ਥਾਂ ਭਰੋ **ਜਾਂ** ਠੀਕ/ਗਲਤ **ਜਾਂ** ਬਹੁ-ਭਾਂਤੀ ਉੱਤਰਾਂ ਵਾਲੇ, ਕਿਸੇ ਵੀ ਤਰ੍ਹਾਂ ਦੇ ਹੋ ਸਕਦੇ ਹਨ। 7×1=7

**ਭਾਗ-II** ਵਿੱਚ ਗਿਆਰ੍ਹਾਂ (11) ਛੋਟੇ ਉੱਤਰਾਂ ਵਾਲੇ ਪ੍ਰਸ਼ਨ (8 ਤੋਂ 18) ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ ਕੋਈ ਚਾਰ ਪ੍ਰਸ਼ਨ ਪਾਠਕ੍ਰਮ ਦੇ ਹਰ ਭਾਗ ਵਿਚੋਂ ਇੱਕ ਪ੍ਰਸ਼ਨ ਅੰਦਰੂਨੀ ਛੋਟ ਵਾਲੇ ਹੋਣਗੇ। ਹਰ ਪ੍ਰਸ਼ਨ 3 ਅੰਕ ਦਾ ਹੋਵੇਗਾ ਜਿਸ ਦਾ ਉੱਤਰ 60-80 ਸ਼ਬਦਾਂ ਵਿੱਚ ਹੋਵੇ। 11×3=33

**ਭਾਗ-III** ਵਿੱਚ ਚਾਰ (4) ਅੰਦਰੂਨੀ ਛੋਟ ਵਾਲੇ ਨਿਬੰਧਾਤਮਕ ਪ੍ਰਸ਼ਨ (19 ਤੋਂ 22) ਪੁੱਛੇ ਜਾਣਗੇ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ, ਜਿਸ ਦਾ ਉੱਤਰ 150-200 ਸ਼ਬਦਾਂ ਵਿੱਚ ਹੋਵੇ।

4×5=20

### ਪਾਠ-ਕ੍ਰਮ ਅਨੁਸਾਰ ਪ੍ਰਸ਼ਨਾਂ ਅਤੇ ਅੰਕਾਂ ਦੀ ਵੰਡ

| ਪ੍ਰਸ਼ਨਾਂ ਦੀ ਕਿਸਮ | ਅੰਕ ਪ੍ਰਤੀ ਪ੍ਰਸ਼ਨ | ਪ੍ਰਸ਼ਨਾਂ ਦੀ ਸੰਖਿਆ | ਪਾਠ-ਕ੍ਰਮ ਦੇ ਭਾਗਾਂ ਅਨੁਸਾਰ ਪ੍ਰਸ਼ਨਾਂ ਦੀ ਵੰਡ | | | | ਕੁੱਲ ਅੰਕ |
|---|---|---|---|---|---|---|---|
| | | | ਭਾਗ 'ੳ' | ਭਾਗ 'ਅ' | ਭਾਗ 'ੲ' | ਭਾਗ 'ਸ' | |
| ਵਸਤੂਨਿਸ਼ਠ | 1 ਅੰਕ | 7 | 2 | 2 | 1 | 2 | **7** |
| ਛੋਟੇ ਉੱਤਰਾਂ ਵਾਲੇ | 3 ਅੰਕ | 11 | 2 | 3 | 3 | 3 | **33** |
| ਨਿਬੰਧਾਤਮਕ | 5 ਅੰਕ | 4 | 1 | 1 | 1 | 1 | **20** |
| **ਕੁੱਲ** | | **22** | **5** | **6** | **5** | **6** | **60** |

### ਪਾਠ-ਕ੍ਰਮ (ਲਿਖਤੀ)
### ਭਾਗ-ੳ (ਗ੍ਰਹਿ ਵਿਵਸਥਾ)

1. ਗ੍ਰਹਿ ਵਿਵਸਥਾ ਦੀ ਮਹੱਤਤਾ ਅਤੇ ਚੰਗੇ ਪ੍ਰਬੰਧਕ ਦੇ ਗੁਣ।
2. ਘਰ: ਜਗ੍ਹਾਂ, ਮਿੱਟੀ, ਇਲਾਕਾ, ਜ਼ਰੂਰਤਾ ਦੀ ਨੇੜਤਾ, ਸਫ਼ਾਈ ਦਾ ਪ੍ਰਬੰਧ, ਹਵਾ ਦੀ ਆਵਾਜਾਈ ਅਤੇ ਜਲ ਪ੍ਰਬੰਧ। ਘਰ ਬਣਾਉਣ ਸਮੇਂ ਅਸਰ ਪਾਉਣ ਵਾਲੇ ਕਾਰਕ। ਘਰ ਬਣਾਉਣ ਲਈ ਵਿੱਤੀ ਪ੍ਰਬੰਧ।

3. ਚੌਗਿਰਦੇ ਦੀ ਸਫ਼ਾਈ-ਇਸ ਦੀ ਮਹੱਤਤਾ, ਘਰ ਦੀਆਂ ਨਾਲੀਆਂ ਦੀ ਸਫ਼ਾਈ ਅਤੇ ਘਰ ਦੇ ਕੂੜੇ ਕਰਕਟ ਦਾ ਨਿਪਟਾਰਾ ਕਰਨ ਦੇ ਤਰੀਕੇ। ਗੰਦਗੀ ਦਾ ਸਿਹਤ ਤੇ ਅਸਰ।
4. ਅੰਦਰੂਨੀ ਸਜਾਵਟ-ਡਿਜ਼ਾਇਨ ਦੇ ਮੂਲ ਅੰਸ਼ ਅਤੇ ਸਿਧਾਂਤ। ਡਿਜ਼ਾਇਨ ਤੇ ਸਿਧਾਂਤ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਖ-ਵੱਖ ਕਮਰਿਆਂ ਦਾ ਆਯੋਜਨ।
5. ਫਰਨੀਚਰ ਦੀ ਚੋਣ, ਵਿਵਸਥਾ,ਦੇਖਭਾਲ ਅਤੇ ਪਾਲਸ਼। ਫਰਸ਼ ਨੂੰ ਕੱਜਣ ਲਈ ਸਮਾਨ। ਪਰਦੇ, ਰੰਗ ਯੋਜਨਾ ਦੀਆਂ ਕਿਸਮਾਂ,ਤਸਵੀਰਾਂ, ਸਜਾਵਟ ਦਾ ਹੋਰ ਸਮਾਨ ਅਤੇ ਫੁੱਲ ਵਿਵਸਥਾ।

### ਭਾਗ-ਅ (ਭੋਜਨ ਅਤੇ ਪੋਸ਼ਣ ਵਿਗਿਆਨ)

6. ਭੋਜਨ ਦੇ ਪੌਸ਼ਟਿਕ ਤੱਤ-ਪ੍ਰੋਟੀਨ,ਕਾਰਬੋਹਾਈਡ੍ਰੇਟਸ,ਚਰਬੀ,ਵਿਟਾਮਿਨ,ਖਣਿਜ ਪਦਾਰਥ ਤੇ ਪਾਣੀ ਦੇ ਕੰਮ ਸ੍ਰੋਤ,ਘਾਟ ਦੇ ਨਤੀਜੇ ਅਤੇ ਰੋਜ਼ਾਨਾ ਜ਼ਰੂਰਤ। ਭੋਜਨ ਵਿੱਚ 'ਲੇ ਫੋਕ ਦੀ ਮਹੱਤਤਾ ।
7. ਸੰਤੁਲਿਤ ਭੋਜਨ-ਅਰਥ, ਪ੍ਰਭਾਵਿਤ ਕਰਨ ਵਾਲੇ ਕਾਰਕ ਅਤੇ ਭੋਜਨ ਸਮੂਹ।

### ਭਾਗ-ੲ (ਬਾਲ ਵਿਕਾਸ ਅਤੇ ਪਰਿਵਾਰਿਕ ਸਬੰਧ)

8. ਪਰਿਵਾਰ-ਕਿਸਮਾਂ, ਸੰਯੁਕਤ ਅਤੇ ਇੱਕਾਈ ਪਰਿਵਾਰ ਅਤੇ ਇਹਨਾਂ ਦੀ ਮਹੱਤਤਾ। ਬੱਚਿਆ ਵਿੱਚ ਫਾਸਲਾ ਰੱਖਣ ਦੀ ਮਹੱਤਤਾ ਅਤੇ ਜ਼ਰੂਰਤ।
9. ਗਰਭਧਾਰਨ ਤੋਂ ਲੈ ਕੇ ਜਨਮ ਤੱਕ ਬੱਚੇ ਦਾ ਵਾਧਾ। ਭਰੂਣ ਦੇ ਵਾਧੇ ਦਾ ਅਸਰ ਪਾਉਣ ਵਾਲੇ ਕਾਰਕ। ਗਰਭ ਦੇ ਸਮੇਂ ਦੀਆਂ ਆਮ ਤਕਲੀਫਾਂ।

### ਭਾਗ-ਸ (ਵਸਤਰ ਵਿਗਿਆਨ)

10. ਰੇਸ਼ੇ ਤੋਂ ਕੱਪੜਾ ਬਣਾਉਣ ਲਈ ਮੂਲ ਗੁਣ।
11. ਕੁਦਰਤੀ ਅਤੇ ਮੱਨੁਖ ਦੁਆਰਾ ਤਿਆਰ ਕੀਤੇ ਰੇਸ਼ਿਆਂ ਦੀਆਂ ਵਿਸ਼ੇਸ਼ਤਾਈਆਂ।

### ਪ੍ਰਸ਼ਨ-ਪੱਤਰ ਦੀ ਰੂਪ ਰੇਖਾ (ਪ੍ਰਯੋਗੀ)

**ਸਮਾਂ: 3 ਘੰਟੇ** **ਕੁੱਲ ਅੰਕ: 20**

**ਨੋਟ: ਇੱਕ ਗੁੱਰਪ ਵਿੱਚ 25 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ।**

1. ਨੋਟ ਬੁੱਕ, ਰਿਕਾਰਡ ਅਤੇ ਜ਼ਬਾਨੀ ------------------------------------5 ਅੰਕ
2. ਪ੍ਰੈਕਟੀਕਲ ਨੰ: 1 ਤੇ ਆਧਾਰਿਤ ਵਿੱਚੋਂ ਕੋਈ ਪ੍ਰੈਕਟੀਕਲ-------------- ------- 2½ ਅੰਕ
3. ਪ੍ਰੈਕਟੀਕਲ ਨੰ: 2,3 ਅਤੇ 7 ਵਿੱਚੋਂ ਕੋਈ ਇੱਕ ਪ੍ਰੈਕਟੀਕਲ --------------------- 2½ ਅੰਕ
4. ਪ੍ਰੈਕਟੀਕਲ ਨੰ: 5 ਅਤੇ 6 ਵਿੱਚੋਂ ਕੋਈ ਇੱਕ ਪਕਵਾਨ------------------------ 5 ਅੰਕ
5. ਪ੍ਰੈਕਟੀਕਲ ਨੰ: 8 ਅਤੇ 4 ਤੇ ਆਧਾਰਿਤ ਵਿੱਚੋਂ ਕੋਈ ਇੱਕ ਪ੍ਰੈਕਟੀਕਲ-----------------5 ਅੰਕ
ਪ੍ਰੀਖਿਅਕ ਪ੍ਰਯੋਗ ਅਨੁਸਾਰ ਨੰਬਰਾਂ ਦੀ ਅੰਦਰੂਨੀ ਵੰਡ ਆਪ ਕਰੇਗਾ।

### ਪਾਠ-ਕ੍ਰਮ (ਪ੍ਰਯੋਗੀ)

1. ਪਿੱਤਲ, ਚਾਂਦੀ, ਪਲਾਸਟਿਕ ਅਤੇ ਅਲੂਮੀਨੀਅਮ ਨੂੰ ਸਾਫ਼ ਕਰਨਾ।
2. ਬਿਜਲੀ ਦੀ ਤਾਰ ਨੂੰ ਪੱਲਗ ਨਾਲ ਜੋੜਨਾਂ ਅਤੇ ਫਿਊਜ਼ ਲਾਉਣਾ।

3. ਬੈਂਕ ਤੋਂ ਪੈਸਾ ਕਢਵਾਉਣਾ, ਜਮ੍ਹਾਂ ਕਰਵਾਉਣਾ ਅਤੇ ਬੈਂਕ ਡਰਾਫਟ ਬਣਾਉਣਾ।
4. ਬਣਾਵਟੀ ਫੁੱਲ ਬਣਾਉਣੇ।
5. ਟਮਾਟਰ ਦੀ ਚਟਨੀ ਜਾਂ ਸੋਸ ਜਾਂ ਕੋਈ ਇੱਕ ਆਚਾਰ।
6. ਹਲਕੇ ਪਕਵਾਨ ਤਿਆਰ ਕਰਨੇ।
7. ਜਲਾ ਕੇ ਰੇਸ਼ਿਆਂ ਦੀ ਪਹਿਚਾਣ।
8. ਸਾਦਾ ਬੁਣਾਈ: ਕੁੰਡੇ ਪਾਉਣੇ, ਪੁੱਠਾ, ਸਿੱਧਾ, ਮੋਰੀਆਂ ਪਾਉਣੀਆਂ, ਕੁੰਡੇ ਘਟਾਉਣੇ, ਬੰਦ ਕਰਨੇ ਅਤੇ ਚਾਰ ਤਰ੍ਹਾਂ ਤੇ ਨਮੂਨਿਆਂ ਦੇ ਸੈਂਪਲ ਤਿਆਰ ਕਰਨੇ। ਆਪਣੇ ਮਾਪ ਦੀ ਕੋਟੀ ਜਾਂ ਸਵੈਟਰ ਤਿਆਰ ਕਰਨੀ।

*** ਨੋਟ: ਆਂਤਰਿਕ ਮੁਲਾਂਕਣ ਲਈ ਨਿਰਧਾਰਿਤ 20 ਅੰਕਾਂ ਦੀ ਵੰਡ ਹੇਠ ਦਰਜ ਅਨੁਸਾਰ ਹੋਵੇਗੀ:**

1. **ਬੁੱਕ ਬੈਂਕ : 2 ਅੰਕ**
2. **ਮਹੀਨਾਵਾਰ ਲਿਖਤੀ ਟੈਸਟਾਂ ਤੇ ਆਧਾਰਿਤ ਮੁਲਾਂਕਣ : 5 ਅੰਕ**
3. **ਵਿਸ਼ੇ ਨਾਲ ਸਬੰਧਤ ਅਤੇ ਪਾਠਕ੍ਰਮ ਤੇ ਆਧਾਰਿਤ ਅਧਿਆਪਕ ਵੱਲੋਂ ਦਿੱਤੀ ਗਈ ਅਸਾਇਨਮੈਂਟ : 13 ਅੰਕ**

## ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ: ਅਕਾਦਮਿਕ ਸਾਲ 2020-21 ਲਈ ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਲਈ Revised ਸਿਲੇਬਸ।**

ਵਿਸ਼ਵ ਭਰ ਵਿੱਚ Covid-19 ਮਹਾਂਮਾਰੀ ਦੇ ਮੱਦੇ ਨਜ਼ਰ ਸਕੂਲ ਬੰਦ ਹੋਣ ਕਾਰਨ ਵੱਖ-ਵੱਖ ਸ਼੍ਰੇਣੀਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋਇਆ ਹੈ। ਇਸ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਕਾਦਮਿਕ ਸਾਲ 2020-21 ਲਈ ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਦੇ ਪਾਠਕ੍ਰਮ ਨੂੰ ਘਟਾਉਣ ਦਾ ਫੈਸਲਾ ਲਿਆ ਗਿਆ ਹੈ। ਸਿੱਖਣ ਪੱਧਰ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਸਿਲੇਬਸ ਇਸ ਢੰਗ ਨਾਲ ਘਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵਿਸ਼ੇ ਦੇ ਮੂਲ ਸੰਕਲਪ ਨੂੰ ਹਾਨੀ ਨਾ ਪਹੁੰਚੇ।

ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਦੂਜੇ Topics ਨਾਲ ਰਾਬਤਾ ਰੱਖਣ ਲਈ ਲੋੜ ਅਨੁਸਾਰ ਵਿਦਿਆਰਥੀਆਂ ਨੂੰ ਘਟਾਏ ਗਏ Topics ਨੂੰ ਵੀ ਪੜ੍ਹਾਇਆ ਜਾਣਾ ਉਚਿਤ ਹੋਵੇਗਾ ਬੇਸ਼ਕ ਇਹ Topics ਆਂਤਰਿਕ ਮੁਲਾਂਕਣ ਅਤੇ ਸਾਲਾਨਾ ਇਮਤਿਹਾਨਾਂ ਦਾ ਹਿੱਸਾ ਨਹੀਂ ਹੋਣਗੇ।

ਘਟਾਏ ਗਏ ਸਲੇਬਸ ਦਾ ਵੇਰਵਾ ਹੇਠ ਦਿੱਤਾ ਗਿਆ ਹੈ।

Class 10th

| Section | Topic Deleted/Reduced |
|---|---|
| ੳ | ਚੌਗਿਰਦੇ ਦੀ ਸਫਾਈ |
| ੳ | ਅੰਦਰੂਨੀ ਸਜਾਵਟ |
| ੲ | ਗਰਭਧਾਰਨ ਤੋਂ ਲੈ ਕੇ ਜਨਮ ਤੱਕ ਬੱਚੇ ਦਾ ਵਾਧਾ।<br>ਭਰੂਣ ਦੇ ਵਾਧੇ ਤੇ ਅਸਰ ਪਾਉਣ ਵਾਲੇ ਕਾਰਕ।<br>ਗਰਭ ਦੇ ਸਮੇਂ ਦੀਆਂ ਆਮ ਤਕਲੀਫਾਂ। |